**ਪੰਜਾਬ ਸਰਕਾਰ**
**ਯੋਜਨਾਬੰਦੀ ਵਿਭਾਗ**
**(ਭਲਾਈ ਸ਼ਾਖਾ)**

ਰਾਜਪਾਲ ਪੰਜਾਬ ਜੀ ਸਾਲ 2015-16 ਦੌਰਾਨ ਪਲਾਨ ਸਕੀਮ ਪੀ.ਐਮ.-6 'ਅਸਿਸਟੈਸ ਟੂ ਐਨ.ਜੀ.ਓਜ਼.' ਅਧੀਨ ਉਪਬੰਧਤ 500.00 ਲੱਖ ਰੁਪਏ ਦੀ ਰਾਸ਼ੀ (340.00 ਲੱਖ ਰੁਪਏ ਜਰਨਲ ਕੈਟਾਗਰੀ ਲਈ + 160.00 ਲੱਖ ਰੁਪਏ ਐਸ.ਸੀ.ਐਸ.ਪੀ ਲਈ) ਸਾਲ 2015-16 ਦੌਰਾਨ ਅਪੈਕਸ ਕਮੇਟੀ ਵੱਲੋ ਸਿਫਾਰਸ਼ ਕੀਤੀ ਗਈ ਰਾਸ਼ੀ ਦੀ ਐਲੋਕੇਸ਼ਨ ਦੇ ਅਨੁਪਾਤ ਅਨੁਸਾਰ ਗੈਰ ਸਰਕਾਰੀ ਸੰਸਥਾਵਾਂ ਨੂੰ ਰਾਜ ਦੇ ਵਿਕਾਸ ਕਾਰਜਾਂ ਲਈ ਜਾਰੀ ਕਰਨ ਦੀ ਪ੍ਰਸੰਨਤਾ ਪੂਰਵਕ ਪ੍ਰਵਾਨਗੀ ਦਿੰਦੇ ਹਨ। ਇਹ ਸੈਕਸ਼ਨ ਵਿੱਤ ਵਿਭਾਗ ਦੀ ਸਲਾਹ ਅੰ.ਵਿ.ਪੱ FD/FE6/307100 ਮਿਤੀ 15-05-2015 ਅਨੁਸਾਰ ਜਾਰੀ ਕੀਤੀ ਜਾਂਦੀ ਹੈ। 500.00 ਲੱਖ ਰੁਪਏ ਦੀ ਵਿਭਾਗ-ਵਾਰ ਵੰਡ ਹੇਠ ਅਨੁਸਾਰ ਹੈ:-

**(ਰੁਪਏ ਲੱਖਾਂ ਵਿੱਚ)**

| ਲੜੀ ਨੰ: | ਵਿਭਾਗ ਦਾ ਨਾਮ | ਸਾਲ 2015-16 ਦੌਰਾਨ ਸੈਕਸ਼ਨ ਕੀਤੀ ਜਾ ਰਹੀ ਰਾਸ਼ੀ | | ਮੰਤਵ |
|---|---|---|---|---|
| | | ਡਿਮਾਂਡ ਨੰ:19(ਮੇਜਰ ਹੈੱਡ 3451 ਮਾਈਨਰ ਹੈੱਡ-101-ਸੱਬ ਹੈੱਡ-10 ਐਸ.ਓ.ਈ -36 ਗ੍ਰਾਂਟ-ਇੰਨ-ਏਡ(ਜਨਰਲ) (ਨਾਨ ਸੈਲਰੀ)-ਵੀ.ਟੀ | ਡਿਮਾਂਡ ਨੰ:19(ਮੇਜਰ ਹੈੱਡ 3451 ਮਾਈਨਰ ਹੈੱਡ-789 ਸੱਬ-ਹੈੱਡ-02 ਐਸ.ਓ.ਈ -36 ਗ੍ਰਾਂਟ-ਇੰਨ-ਏਡ(ਜਨਰਲ) (ਨਾਨ ਸੈਲਰੀ)-ਵੀ.ਟੀ | |
| 1 | 2 | 3 | 4 | 5 |
| 1. | ਸਿਹਤ ਅਤੇ ਪਰਿਵਾਰ ਭਲਾਈ ਵਿਭਾਗ | 59.00 | 28.00 | ਸਾਰੀ ਰਾਸ਼ੀ ਸੁਸਾਇਟੀ ਫਾਰ ਸਰਵਿਸ ਟੂ ਵੋਲੰਟਰੀ ਏਜੰਸੀਜ਼(ਨਾਰਥ)(ਸੋਸਵਾ) ਨੂੰ ਬਤੌਰ ਮਦਰ ਐਨ.ਜੀ.ਓਜ. ਆਰ.ਸੀ.ਐਚ. ਪ੍ਰਾਜੈਕਟ ਲਈ ਦਿੱਤੀ ਜਾਣੀ ਹੈ। ਗੈਰ ਸਰਕਾਰੀ ਸੰਸਥਾਵਾਂ ਨੂੰ ਵਿੱਤੀ ਸਹਾਇਤਾ ਵਜੋ ਗ੍ਰਾਂਟ-ਇੰਨ-ਏਡ ਮੁਹੱਈਆ ਕਰਨ ਸਮੇ ਸੋਸਵਾ ਉਨ੍ਹਾਂ ਗੈਰ ਸਰਕਾਰੀ ਸੰਸਥਾਵਾਂ ਨੂੰ ਪਹਿਲਤਾ ਪ੍ਰਦਾਨ ਕਰੇਗਾ, ਜਿਹੜੀਆਂ ਕਿ ਗਰਭਵਤੀ ਇਸਤਰੀਆਂ ਦੀ ਭਲਾਈ, ਅੱਲੜ੍ਹ ਅਵਸਥਾ ਲੜਕੀਆਂ ਤੇ ਬੱਚਿਆਂ ਦੇ ਸਿਹਤ ਪੱਧਰ ਵਿੱਚ ਸੁਧਾਰ ਲਿਆਉਣ ਲਈ ਅਤੇ ਸਿਹਤ ਵਿਭਾਗ ਦੀ ਰਾਇ ਮੁਤਾਬਕ ਲਿੰਗ ਅਨੁਪਾਤ ਵਿੱਚ ਸੁਧਾਰ ਲਈ ਕੰਮ ਕਰ ਰਹੀਆਂ ਹਨ। |
| 2. | ਸਮਾਜਿਕ ਸੁਰੱਖਿਆ ਅਤੇ ਭਲਾਈ | 167.00 | 78.00 | ਰਲੀਜ਼ ਕੀਤੀ ਗਈ ਰਾਸ਼ੀ ਦੇ 50% ਫੰਡਜ਼ ਸੋਸਵਾ ਨੂੰ ਮੁਹੱਈਆ ਕੀਤੇ ਜਾਣਗੇ ਅਤੇ ਬਾਕੀ ਰਹਿੰਦੇ 50% ਫੰਡਜ਼ ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਭਲਾਈ ਵਿਭਾਗ ਵੱਲੋ ਸਟੈਡਿੰਗ ਕਮੇਟੀ ਫਾਰ ਵੋਲੰਟਰੀ ਏਜੰਸੀਜ਼(ਸਕੋਵਾ) ਦੇ ਫੈਸਲੇ ਉਪਰੰਤ ਗੈਰ ਸਰਕਾਰੀ ਸੰਸਥਾਵਾਂ ਨੂੰ ਮੁਹੱਈਆ ਕੀਤੇ ਜਾਣੇ ਹਨ। |

| ਲੜੀ ਨੰ: | ਵਿਭਾਗ ਦਾ ਨਾਮ | ਸਾਲ 2015-16 ਦੌਰਾਨ ਸੈਂਕਸ਼ਨ ਕੀਤੀ ਜਾ ਰਹੀ ਰਾਸ਼ੀ | | ਮੰਤਵ |
|---|---|---|---|---|
| | | ਡਿਮਾਂਡ ਨੰ:19(ਮੇਜਰ ਹੈਡ 3451 ਮਾਈਨਰ ਹੈਡ-101-ਸੱਬ ਹੈਡ-10 ਐਸ.ਓ.ਈ -36 ਗ੍ਰਾਂਟ-ਇੰਨ-ਏਡ(ਜਨਰਲ)(ਨਾਨ ਸੈਲਰੀ)-ਵੀ.ਟੀ | ਡਿਮਾਂਡ ਨੰ:19(ਮੇਜਰ ਹੈਡ 3451 ਮਾਈਨਰ ਹੈਡ-789 ਸੱਬ-ਹੈਡ-02 ਐਸ.ਓ.ਈ -36 ਗ੍ਰਾਂਟ-ਇੰਨ-ਏਡ(ਜਨਰਲ) (ਨਾਨ ਸੈਲਰੀ)-ਵੀ.ਟੀ | |
| 1 | 2 | 3 | 4 | 5 |
| 3. | ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ੍ਰੇਣੀਆਂ ਦੀ ਭਲਾਈ | 34.00 | 16.00 | ਇਹ ਰਾਸ਼ੀ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ੍ਰੇਣੀਆਂ ਭਲਾਈ ਵਿਭਾਗ ਵੱਲੋ ਸਟੈਡਿੰਗ ਕਮੇਟੀ ਫਾਰ ਵੋਲੰਟਰੀ ਏਜੰਸੀਜ਼(ਸਕੋਵਾ) ਦੀ ਪ੍ਰਵਾਨਗੀ ਉਪਰੰਤ ਵਿਭਾਗ ਨੂੰ ਪਹੁੰਚ ਕਰਨ ਵਾਲੀਆਂ ਗੈਰ ਸਰਕਾਰੀ ਸੰਸਥਾਵਾਂ ਨੂੰ ਦਿੱਤੀ ਜਾਣੀ ਹੈ। |
| 4. | ਸਕੂਲ ਸਿੱਖਿਆ | 12.00 | 6.00 | ਇਹ ਰਾਸ਼ੀ ਸਕੂਲ ਸਿੱਖਿਆ ਵਿਭਾਗ ਵੱਲੋ ਸਟੈਡਿੰਗ ਕਮੇਟੀ ਫਾਰ ਵੋਲੰਟਰੀ ਏਜੰਸੀਜ਼(ਸਕੋਵਾ) ਦੀ ਪ੍ਰਵਾਨਗੀ ਉਪਰੰਤ ਵਿਭਾਗ ਨੂੰ ਪਹੁੰਚ ਕਰਨ ਵਾਲੀਆਂ ਗੈਰ ਸਰਕਾਰੀ ਸੰਸਥਾਵਾਂ ਨੂੰ ਦਿੱਤੀ ਜਾਣੀ ਹੈ। |
| 6. | ਪਸ਼ੂ ਪਾਲਣ | 68.00 | 32.00 | ਇਹ ਰਾਸ਼ੀ ਰਜਿਸਟਰਡ ਗੈਰ ਸਰਕਾਰੀ ਸੰਸਥਾਵਾਂ/ਗਊ ਸ਼ਾਲਾਵਾਂ ਜੋ ਕਿ ਪਸ਼ੂ ਭਲਾਈ ਦੇ ਖੇਤਰ ਵਿੱਚ ਆਵਾਰਾ ਪਸ਼ੂਆਂ ਦੀ ਸਾਂਭ-ਸੰਭਾਲ, ਵੈਕਸੀਨੇਸ਼ਨ, ਇਲਾਜ ਆਦਿ ਦਾ ਕੰਮ ਕਰ ਰਹੀਆਂ ਹਨ, ਨੂੰ ਮੁਹੱਈਆ ਕੀਤੀ ਜਾਣੀ ਹੈ। |
| | **ਕੁੱਲ ਜੋੜ** | **340.00** | **160.00** | |

2. ਉਪਰੋਕਤ ਅਨੁਸਾਰ 340.00 ਲੱਖ ਰੁਪਏ ਦੀ ਰਾਸ਼ੀ ਸਾਲ 2015-16 ਦੌਰਾਨ ਮੰਗ ਨੰ:19 ਲੇਖਾ ਮੱਦ - 3451 ਸਕੱਤਰੇਤ ਇਕਨਾਮਿਕ ਸਰਵਿਸਜ਼(1)-101-ਯੋਜਨਾ ਬੋਰਡ ਪਲਾਨ ਸਕੀਮ ਪੀ.ਐਮ.-6 'ਅਸਿਸਟੈਂਸ ਟੂ ਐਨ.ਜੀ.ਓਜ਼'.- 36 ਗ੍ਰਾਂਟ-ਇੰਨ-ਏਡ (ਨਾਨ ਸੈਲਰੀ) ਅਧੀਨ ਜਾਰੀ ਕੀਤੀ ਜਾਂਦੀ ਹੈ। ਬਕਾਇਆ 160.00 ਲੱਖ ਰੁਪਏ ਦੀ ਰਾਸ਼ੀ ਮੰਗ ਨੰ:19 ਮੁੱਖ ਮੱਦ-3451, ਮਾਈਨਰ ਹੈਡ - 789 (ਨਾਨ ਸੈਲਰੀ) ਤਹਿਤ ਅਨੁਸੂਚਿਤ ਜਾਤੀਆਂ ਦੇ ਪਰਿਵਾਰਾਂ ਦੀ ਭਲਾਈ ਤੇ ਖਰਚ ਕਰਨ ਲਈ ਜਾਰੀ ਕੀਤੀ ਜਾਂਦੀ ਹੈ। 500.00 ਲੱਖ ਰੁਪਏ ਦੀ ਗ੍ਰਾਂਟ ਨਿਮਨ ਲਿਖਤ ਸ਼ਰਤਾਂ ਸਹਿਤ ਹੋਵੇਗੀ:-

(ੳ) ਸਬੰਧਤ ਪ੍ਰਬੰਧਕੀ ਵਿਭਾਗ ਸਰਵੇਖਣ ਕਰਨਗੇ ਅਤੇ ਯਕੀਨੀ ਬਣਾਉਣਗੇ ਕਿ ਯੋਜਨਾਬੰਦੀ ਵਿਭਾਗ ਵੱਲੋ ਜਾਰੀ ਅਗਵਾਈ ਲੀਹਾਂ ਅਨੁਸਾਰ ਗੈਰ ਸਰਕਾਰੀ ਸੰਸਥਾਵਾਂ ਨੂੰ ਦਿੱਤੀ ਗਈ ਗ੍ਰਾਂਟ ਉਸੇ ਮੰਤਵ ਲਈ ਇਸਤੇਮਾਲ ਕੀਤੀ ਜਾਵੇਗੀ ਜਿਸ ਮੰਤਵ ਲਈ ਦਿੱਤੀ ਗਈ ਹੈ।

(ਅ) ਸਬੰਧਤ ਪ੍ਰਬੰਧਕੀ ਵਿਭਾਗ, ਯੋਜਨਾਬੰਦੀ ਵਿਭਾਗ ਵੱਲੋ ਸਮੇ-2 ਸਿਰ ਜਾਰੀ ਅਗਵਾਈ ਲੀਹਾਂ/ਹਦਾਇਤਾਂ ਅਨੁਸਾਰ ਗੈਰ ਸਰਕਾਰੀ ਸੰਸਥਾਵਾਂ ਨੂੰ ਵੰਡੀ ਰਾਸ਼ੀ ਦੇ ਵਰਤੋ ਸਰਟੀਫਿਕੇਟ ਅਤੇ ਤਿਮਾਹੀ ਖਰਚਾ ਰਿਪੋਰਟ ਭੇਜਣਾ ਯਕੀਨੀ ਬਣਾਵੇਗਾ।

(ੲ) ਉਪਰੋਕਤ ਅੰਕਿਤ ਵਿਭਾਗਾਂ ਨੂੰ ਨਿਮਨ ਲਿਖਤ ਸ਼ਰਤਾਂ ਸਹਿਤ ਆਪਣੇ ਡਰਾਇੰਗ ਤੇ ਡਿਸਬਰਸਿੰਗ ਅਫਸਰਾਂ ਰਾਹੀ ਰਾਸ਼ੀ ਕਢਵਾਉਣ ਦੇ ਅਧਿਕਾਰ ਦਿੱਤੇ ਜਾਂਦੇ ਹਨ:-

(i) ਪੰਜਾਬ ਸਰਕਾਰ ਦੇ ਨਿਯਮਾਂ ਅਤੇ ਵਿਨਿਯਮਾਂ ਅਨੁਸਾਰ ਖਜਾਨੇ ਵਿਚੋ ਫੰਡਜ਼ ਕਢਵਾਏ ਜਾਣਗੇ;

(ii) ਪ੍ਰਬੰਧਕੀ ਵਿਭਾਗ ਗੈਰ ਸਰਕਾਰੀ ਸੰਸਥਾਵਾਂ ਨੂੰ ਜਾਰੀ ਸੈਕਸ਼ਨਾਂ ਅਤੇ ਉਨ੍ਹਾਂ ਦੇ ਪ੍ਰਜੈਕਟਾਂ ਲਈ ਜਾਰੀ ਰਾਸ਼ੀ ਬਾਰੇ ਯੋਜਨਾਬੰਦੀ ਵਿਭਾਗ ਨੂੰ ਇਤਲਾਹ ਦੇਣਗੇ, ਜਿਸ ਨੂੰ ਯੋਜਨਾਬੰਦੀ ਵਿਭਾਗ ਵੱਲੋ ਆਪਣੀ ਸਹੂਲਤ ਮੁਤਾਬਕ ਤਸਦੀਕ ਕੀਤਾ ਜਾਵੇਗਾ;

(iii) ਲੋੜੀਦੀ ਪ੍ਰਬੰਧਕੀ ਪ੍ਰਵਾਨਗੀ ਅਤੇ ਵਿੱਤੀ ਸੈਕਸ਼ਨ ਸਬੰਧਤ ਵਿਭਾਗਾਂ ਵੱਲੋ ਸਥਾਈ ਹੁਕਮਾਂ/ਨਿਯਮਾਂ/ਗੈਰ ਸਰਕਾਰੀ ਸੰਸਥਾਵਾਂ ਲਈ ਜਾਰੀ ਅਗਵਾਈ ਲੀਹਾਂ ਅਨੁਸਾਰ ਜਾਰੀ ਕੀਤੀ ਜਾਵੇਗੀ।

ਮਿਤੀ:18-05-2015
ਚੰਡੀਗੜ

ਜਸਪਾਲ ਸਿੰਘ
ਸਕੱਤਰ, ਪੰਜਾਬ ਸਰਕਾਰ
ਯੋਜਨਾਬੰਦੀ ਵਿਭਾਗ

ਪਿਠਅੰਕਣ.ਨੰ.ਪੀ.ਐਮ.-6/ਪਸਪਬ-ਖੋਅ(ਐਨ.ਜੀ.ਓ.)-2015/2496-2501 ਮਿਤੀ:18-05-2015

ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1) ਪ੍ਰਮੁੱਖ ਸਕੱਤਰ, ਸੂਕਲ ਸਿੱਖਿਆ, ਪੰਜਾਬ।
2) ਪ੍ਰਮੁੱਖ ਸਕੱਤਰ, ਸਿਹਤ ਅਤੇ ਪਰਿਵਾਰ ਭਲਾਈ ਪੰਜਾਬ।
3) ਵਿੱਤੀ ਕਮਿਸ਼ਨਰ, ਪਸੂ ਪਾਲਣ, ਡੇਅਰੀ ਵਿਕਾਸ ਅਤੇ ਮੱਛੀ ਪਾਲਣ ਵਿਭਾਗ, ਪੰਜਾਬ।
4) ਸਕੱਤਰ, ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ੍ਰੇਣੀਆਂ ਦੀ ਭਲਾਈ, ਪੰਜਾਬ।
5) ਸਕੱਤਰ, ਸਮਾਜਿਕ ਸੁਰੱਖਿਆ ਅਤੇ ਇਸਤ੍ਰੀ ਤੇ ਬਾਲ ਵਿਕਾਸ ਭਲਾਈ, ਪੰਜਾਬ।

ਡਾਇਰੈਕਟਰ ਯੋਜਨਾ

ਪਿਠਅੰਕਣ.ਨੰ..ਪੀ.ਐਮ.-6/ਪਸਪਬ-ਖੋਅ(ਐਨ.ਜੀ.ਓ.)-2015/2502 ਮਿਤੀ:18-05-2015

ਉਤਾਰਾ ਅਕਾਊਟੈਂਟ ਜਨਰਲ(ਏ. ਐਡ ਈ.), ਪੰਜਾਬ ਚੰਡੀਗੜ੍ਹ ਨੂੰ ਸੂਚਨਾ ਅਤੇ ਲੋੜੀਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਡਾਇਰੈਕਟਰ ਯੋਜਨਾ

ਪਿਠਅੰਕਣ.ਨੰ.ਪੀ.ਐਮ.-6/ਪਸਪਬ-ਖੋਅ(ਐਨ.ਜੀ.ਓ.)-2015/2503 ਮਿਤੀ:18-05-2015

ਉਤਾਰਾ ਅਕਾਊਟੈਂਟ ਜਨਰਲ(ਆਡਿਟ), ਪੰਜਾਬ ਚੰਡੀਗੜ੍ਹ ਨੂੰ ਸੂਚਨਾ ਅਤੇ ਲੋੜੀਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਡਾਇਰੈਕਟਰ ਯੋਜਨਾ

ਪਿਠਅੰਕਣ.ਨੰ.ਪੀ.ਐਮ.-6/ਪਸਪਬ-ਖੋਅ(ਐਨ.ਜੀ.ਓ.)-2015/2504 ਮਿਤੀ:18-05-2015

ਉਤਾਰਾ ਖਜਾਨਾ ਅਫ਼ਸਰ, ਪੰਜਾਬ, ਚੰਡੀਗੜ੍ਹ ਨੂੰ ਸੂਚਨਾ ਅਤੇ ਲੋੜੀਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਡਾਇਰੈਕਟਰ ਯੋਜਨਾ

7

ਪਿਠਅੰਕਣ.ਨੰ.ਪੀ.ਐਮ.-6/ਪਸਪਬ-ਖੋਅ(ਐਨ.ਜੀ.ਓ.)-2015/2505 ਮਿਤੀ:18-05-2015

ਉਤਾਰਾ ਵਿੱਤ ਵਿਭਾਗ ਨੂੰ ਉਨ੍ਹਾਂ ਦੇ ਅੰ.ਵਿ.ਪੱ FD/FE6/307100 ਮਿਤੀ 15-05-2015 ਦੇ ਹਵਾਲੇ ਵਿੱਚ ਭੇਜਿਆ ਜਾਂਦਾ ਹੈ।

ਡਾਇਰੈਕਟਰ ਯੋਜਨਾ

ਪਿੱਠ ਅੰਕਣ.ਨੰ.ਪੀ.ਐਮ.-6/ਪਸਪਬ-ਖੋਅ(ਐਨ.ਜੀ.ਓ.)-2015/2506 ਮਿਤੀ:18-05-2015

ਉਤਾਰਾ ਹੇਠ ਲਿਖੇ ਵਿਭਾਗਾਂ ਦੇ ਮੁੱਖੀਆਂ ਨੂੰ ਸੂਚਨਾ ਅਤੇ ਲੋੜੀਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1) ਡਾਇਰੈਕਟਰ, ਸਮਾਜਿਕ ਸੁਰੱਖਿਆ ਅਤੇ ਇਸਤ੍ਰੀ ਤੇ ਬਾਲ ਵਿਕਾਸ ਭਲਾਈ, ਪੰਜਾਬ।
2) ਡਾਇਰੈਕਟਰ, ਸਿਹਤ ਅਤੇ ਪਰਿਵਾਰ ਭਲਾਈ,ਪੰਜਾਬ।
3) ਡਾਇਰੈਕਟਰ, ਪਸ਼ੂ ਪਾਲਣ,ਡੇਅਰੀ ਵਿਕਾਸ ਅਤੇ ਮੱਛੀ ਪਾਲਣ,ਪੰਜਾਬ।
4) ਡਾਇਰੈਕਟਰ, ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ੍ਰੇਣੀਆਂ ਭਲਾਈ,ਪੰਜਾਬ।
5) ਡੀ.ਪੀ.ਆਈ. ਸਕੂਲਜ਼,ਪੰਜਾਬ।

ਡਾਇਰੈਕਟਰ ਯੋਜਨਾ

ਪਿਠਅੰਕਣ.ਨੰ.ਪੀ.ਐਮ.-6/ਪਸਪਬ-ਖੋਅ(ਐਨ.ਜੀ.ਓ.)-2015/2507-2511 ਮਿਤੀ:18-05-2015

ਇਸ ਦਾ ਇੱਕ ਉਤਾਰਾ ਡਾਇਰੈਕਟਰ-ਕਮ-ਸੰਯੁਕਤ ਸਕੱਤਰ, ਸ਼ਡਿਊਲਡ ਕਾਸਟ ਸੱਬ ਪਲਾਨ(ਐਸ.ਸੀ.ਐਸ.ਪੀ. ਭਲਾਈ ਵਿਭਾਗ, ਸੈਕਟਰ-34, ਚੰਡੀਗੜ੍ਹ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ਜੀ।

ਡਾਇਰੈਕਟਰ ਯੋਜਨਾ

ਪਿਠਅੰਕਣ.ਨੰ.ਪੀ.ਐਮ.-6/ਪਸਪਬ-ਖੋਅ(ਐਨ.ਜੀ.ਓ.)-2015/2512 ਮਿਤੀ:18-05-2015

ਉਤਾਰਾ ਡਾਇਰੈਕਟਰ (ਪ੍ਰਸ਼ਾਸ਼ਨ), ਪੰਜਾਬ ਰਾਜ ਯੋਜਨਾ ਬੋਰਡ ਨੂੰ ਸੂਚਨਾ ਅਤੇ ਲੋੜੀਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਡਾਇਰੈਕਟਰ ਯੋਜਨਾ

ਪਿਠਅੰਕਣ.ਨੰ.ਪੀ.ਐਮ.-6/ਪਸਪਬ-ਖੋਅ(ਐਨ.ਜੀ.ਓ.)-2015/2513 ਮਿਤੀ:18-05-2015

ਉਤਾਰਾ ਖੋਜ ਅਫਸਰ/(ਡੀ.ਡੀ.ਓ), ਪੰਜਾਬ ਰਾਜ ਯੋਜਨਾ ਬੋਰਡ, ਚੰਡੀਗੜ੍ਹ ਨੂੰ ਸਮੇਂ-2 ਸਿਰ ਅਕਾਊਂਟੈਂਟ ਜਨਰਲ, ਪੰਜਾਬ ਨਾਲ ਲੋੜੀਦਾ ਸਮਾਧਾਨ ਕਰਨ ਹਿੱਤ ਭੇਜਿਆ ਜਾਂਦਾ ਹੈ।

ਡਾਇਰੈਕਟਰ ਯੋਜਨਾ

ਕਾਪੀ ਵੱਲ:-

(ੳ) ਨਿੱਜੀ ਸਕੱਤਰ/ਸਕੱਤਰ ਯੋਜਨਾ,
(ਅ) ਪ੍ਰੋਗਰਾਮ ਇੰਚਾਰਜ, ਟੀ.ਸੀ.ਐਸ. ਸਿਵਲ ਸਕੱਤਰੇਤ, ਪੰਜਾਬ, ਚੰਡੀਗੜ੍ਹ।